File No.DGSE-SSA0SCHL/37/2020-SSA-DGSE

ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)

2) ਸਮੂਹ ਸਕੂਲ ਮੁੱਖੀ

3) ਸਮੂਹ ਬੀ.ਪੀ.ਈ.ਓ.

ਮੀਮੋ ਨੰ: Samagra/Smart Schools/2020 233296 ਮਿਤੀ: 23.09.2020

ਵਿਸ਼ਾ:- ਸਮਾਰਟ ਸਕੂਲਾਂ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਫੀਲਡ ਵਿਚੋਂ ਪ੍ਰਾਪਤ ਸੁਝਾਵਾਂ ਅਨੁਸਾਰ ਨਵੇਂ ਮਾਪਦੰਡ ਤੈਅ ਕਰਨ ਸਬੰਧੀ।

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਭਾਗ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਪਹਿਲਾਂ ਹੀ ਸਮਾਰਟ ਸਕੂਲਾਂ ਵਿੱਚ ਤਬਦੀਲ ਹੋ ਚੁੱਕੇ ਸਕੂਲਾਂ ਅਤੇ ਬਾਕੀ ਸਕੂਲਾਂ ਦੇ ਅਧਿਆਪਕਾਂ ਵਲੋਂ ਹੋਰ ਕਈ ਤਰ੍ਹਾਂ ਦੇ ਨਵੇਕਲੇ ਅਤੇ ਵਿਲੱਖਣ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧ ਵਿੱਚ ਵੱਖ ਵੱਖ ਮੀਟਿੰਗਾਂ ਵਿੱਚ ਜਿਲ੍ਹਾ ਸਿੱਖਿਆ ਅਫਸਰ, ਉਪ ਜਿਲ੍ਹਾ ਸਿੱਖਿਆ ਅਫਸਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਾਹਿਬਾਨ ਵਲੋਂ ਸੁਝਾਅ ਪ੍ਰਾਪਤ ਹੋਏ ਹਨ ਕਿ ਇਨ੍ਹਾਂ ਨਵੇਕਲੇ ਉਪਰਾਲਿਆਂ ਨੂੰ ਹੋਰ ਕਾਰਗਰ ਬਣਾਉਣ ਲਈ ਵਿਭਾਗ ਵਲੋਂ ਪਹਿਲਾਂ ਨਿਰਧਾਰਤ ਕੀਤੇ ਮਾਪਦੰਡਾਂ ਦੇ ਨਾਲ ਹੋਰ ਨਵੇਂ ਮਾਪਦੰਡ ਸ਼ਾਮਿਲ ਕੀਤੇ ਜਾਣ ਤਾਂ ਜੋ ਅਧਿਆਪਕ ਸਮਾਰਟ ਸਕੂਲਾਂ ਦਾ concept ਹੋਰ ਵਧੀਆ ਢੰਗ ਨਾਲ ਲਾਗੂ ਕਰ ਸਕਣ।

3.0 ਉਕਤ ਸੁਝਾਵਾਂ ਦੇ ਸਨਮੁੱਖ ਸਮੂਹ DSMs ਅਤੇ ACs ਸਮਾਰਟ ਸਕੂਲਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਸਮਾਰਟ ਸਕੂਲਾਂ ਲਈ ਕੁਝ ਹੋਰ ਮਾਪਦੰਡ ਤੈਅ ਕੀਤੇ ਗਏ ਹਨ ਤਾਂ ਜੋ ਸਮਾਰਟ ਸਕੂਲ ਮੁਹਿੰਮ ਦੇ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਵਿੱਚ ਸਹਾਇਤਾ ਹੋ ਸਕੇ।

4.0 ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਤੈਅ ਕੀਤੇ ਮਾਪਦੰਡਾਂ ਨੂੰ ਸਮੂਹ ਸਕੂਲਾਂ ਤੱਕ ਪਹੁੰਚਦਾ ਕੀਤਾ ਜਾਵੇ ਤਾਂ ਜੋ ਪਹਿਲਾਂ ਦੀ ਤਰ੍ਹਾਂ ਸਕੂਲ ਮੁਖੀ, ਸਕੂਲ ਸਟਾਫ, ਸਕੂਲ ਮੈਨੇਜਮੈਂਟ ਕਮੇਟੀ, ਗ੍ਰਾਮ ਪੰਚਾਇਤ /ਐਮ.ਸੀ., Local Community, ਦਾਨੀ ਸੱਜਣ ਅਤੇ CSR/NGO ਦੇ ਸਹਿਯੋਗ ਨਾਲ ਇਨ੍ਹਾਂ ਮਾਪਦੰਡਾਂ ਨੂੰ ਪੂਰਾ ਕਰਨ ਲਈ ਉਪਰਾਲੇ ਕਰਦੇ ਰਹਿਣ।

5.0 ਉਕਤ ਕਾਰਜ ਨੂੰ ਹੋਰ ਸੁਖਾਲਾ ਬਣਾਉਣ ਲਈ ਵਿਭਾਗ ਵਲੋਂ E-punjab portal ਤੇ ਇਨ੍ਹਾਂ ਨਵੇਂ ਮਾਪਦੰਡਾਂ ਸਬੰਧੀ Link generate ਕੀਤਾ ਗਿਆ ਹੈ ਜਿਸ ਤੇ ਸਕੂਲ ਮੁੱਖ ਸਿੱਧੇ ਤੌਰ ਤੇ ਆਪਣੇ ਸਕੂਲਾਂ ਵਿੱਚ ਪੂਰੇ ਹੋ ਰਹੇ ਇਨ੍ਹਾਂ ਮਾਪਦੰਡਾਂ ਸਬੰਧੀ ਸੂਚਨਾ ਭਰ ਸਕਦੇ ਹਨ।

ਸਕੱਤਰ ਸਕੂਲ ਸਿੱਖਿਆ, ਪੰਜਾਬ

ਪਿ:ਅੰ:ਨੰ: Samagra/Smart Schools/2020 233297 ਮਿਤੀ: 23.09.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡੀ.ਐਮ.(ਐਮ.ਆਈ.ਐਸ)
2. ਸਮੂਹ ਡੀ.ਐਸ.ਐਮ.
3. ਸਮੂਹ ਏ.ਸੀ. ਸਮਾਰਟ ਸਕੂਲ

ਸਕੱਤਰ ਸਕੂਲ ਸਿੱਖਿਆ, ਪੰਜਾਬ